**ਨਾਵਲ : ਇੱਕ ਹੋਰ ਨਵਾਂ ਸਾਲ            ਨਾਵਲਕਾਰ: ਨਰਿੰਜਨਤਸਨੀਮ**

ਕਾਂਡ-ਇੱਕ    ਸਵੇਰ



ਪ੍ਰਸ਼ਨ-ਉੱਤਰ

1. ਪ੍ਰਸ਼ਨ ਬੰਤਾ ਆਪਣੀ ਪਤਨੀ ਤੋਂ ਚਾਹ ਦੀ ਥਾਂ 'ਬੈੱਡ-ਟੀ 'ਦੀ ਮੰਗ ਕਿਉਂ ਕਰਦਾ ਹੈ?

   ਉੱਤਰ ਨਵਾਂ ਸਾਲ ਚੜ੍ਹਨ ਕਰਕੇ ਬੰਤਾ ਆਪਣੀ ਪਤਨੀ ਤੋਂ ਚਾਹ ਦੀ ਥਾਂ ਬੈੱਡ-ਟੀ ਦੀ ਮੰਗ ਕਰਦਾ ਹੈ। ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਬੈੱਡ-ਟੀ ਪੀਂਦੇ ਹਨ ਤੇ ਬੰਤਾ ਵੀ ਨਵਾਂ ਸਾਲ ਚੜ੍ਹਨ ਕਰਕੇ ਬੈੱਡ-ਟੀ ਪੀਣਾ ਚਾਹੁੰਦਾ ਹੈ।

2. ਪ੍ਰਸ਼ਨ ਬੰਤੇ ਦਾ ਸਵੇਰੇ ਛੇ ਵਜੇ ਕਿੱਥੇ ਪਹੁੰਚਣ ਦਾ ਪ੍ਰੋਗਰਾਮ_ਸੀ ਅਤੇ ਕਿਉਂ ?

   ਉੱਤਰ ਬੰਤੇ ਦਾ ਸਵੇਰੇ ਛੇ ਵਜੇ ਸਟੇਸ਼ਨ ਪਹੁੰਚਣ ਦਾ ਪ੍ਰੋਗਰਾਮ ਸੀ ਕਿਉਂਕਿ ਉਸ ਨੇ ਸਵੇਰੇ ਛੇ ਵਜੇ ਕਾਲਕਾ- ਮੇਲ ਗੱਡੀ ਦੀਆਂ ਸਵਾਰੀਆਂ ਚੁੱਕਣੀਆਂ ਹੁੰਦੀਆਂ ਸਨ।

3. ਪ੍ਰਸ਼ਨ :ਨਾਵਲ ਦਾ ਨਾਇਕ ਰਿਕਸ਼ੇ ਦੇ ਪਹੀਏ ਦੀ ਤੁਲਨਾ ਕਿਸ ਚੀਜ਼ ਨਾਲ ਕਰਦਾ ਹੈ ਅਤੇ ਕਿਵੇਂ?

ਉੱਤਰ :ਨਾਵਲ ਦਾ ਨਾਇਕ ਰਿਕਸ਼ੇ ਦੇ ਪਹੀਏ ਦੀ ਤੁਲਨਾ ਜੀਵਨ ਦੇ ਚੱਕਰ ਨਾਲ ਕਰਦਾ ਹੈ ।ਜਿਸ ਤਰ੍ਹਾਂ ਪਹੀਆ ਚੱਲਦਾ ਰਹੇ ਤਾਂ ਚੰਗਾ ਲੱਗਦਾ ਹੈ, ਇਸੇ ਤਰ੍ਹਾਂ ਹੀ ਮਨੁੱਖ ਦਾ ਜੀਵਨ ਹੈ ।ਬੰਤੇ ਅਨੁਸਾਰ ਪਹੀਆ ਭਾਵੇਂ ਰਿਕਸ਼ੇ ਦਾ ਹੋਵੇ, ਭਾਵੇਂ ਜੀਵਨ ਦਾ,ਚੱਲਦਾ ਹੀ ਚੰਗਾ ਲੱਗਦਾ ਹੈ ।

4. ਪ੍ਰਸ਼ਨ:ਬੰਤੇ ਦੇ ਪਿਓ ਦੀ ਮੌਤ ਕਿਵੇਂ ਹੋਈ ?

ਉੱਤਰ :ਬੰਤੇ ਦਾ ਪਿਓ ਖੇਤ ਮਜ਼ਦੂਰ ਸੀ।ਉਸ ਨੇ ਬੰਤੇ ਦੀ ਵੱਡੀ ਭੈਣ ਦੇ ਵਿਆਹ 'ਤੇ ਕਰਜ਼ਾ ਲਿਆ ਸੀ ।ਉਹ ਕਰਜ਼ਾ ਲੱਥਣ ਦੀ ਥਾਵੇਂ ਹੋਰ ਚੜ੍ਹਦਾ ਜਾ ਰਿਹਾਸੀ, ਜਿਸ ਕਰਕੇ ਉਹ ਅੰਦਰੋਂ-ਅੰਦਰ ਘੁਲਦਾ ਜਾ ਰਿਹਾ ਸੀ ਤੇ ਕਰਜ਼ਾ ਦੇ ਬੋਝ ਕਾਰਨ ਉਸ ਦੀ ਮੌਤ ਹੋ ਗਈ ।

5. ਪ੍ਰਸ਼ਨ:ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ ?

ਉੱਤਰ:ਬੰਤੇ ਦੇ ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਬੇਬੇ ਤੇ ਦੋ ਛੋਟੀਆਂ ਭੈਣਾਂ ਦੀ ਜਿੰਮੇਵਾਰੀ ਬੰਤੇ ਉੱਤੇ ਆ ਪਈ।ਦੂਜਾ ਉਸ ਨੇ ਆਪਣੇ ਪਿਤਾ ਦੁਆਰਾ ਲਿਆ ਕਰਜ਼ਾ ਵੀ ਮੋੜਨਾ ਸੀ।ਜਿਸ ਕਰਕੇ ਉਹ ਪੜ੍ਹਨ ਤੋਂ ਹਟ ਗਿਆ ਸੀ ।

6. ਪ੍ਰਸ਼ਨ:ਬੰਤੇ ਨੇ ਆਪਣਾ ਪਿੰਡ ਕਿਉਂ ਛੱਡ ਦਿੱਤਾ ਸੀ?

ਉੱਤਰ :ਪਿਤਾ ਦੀ ਮੌਤ ਤੋਂ ਬਾਅਦ ਬੰਤਾ ਖੇਤ ਮਜ਼ਦੂਰ ਬਣ ਗਿਆ।ਇੱਕ ਦਿਨ ਸਰਦਾਰਾਦੇ ਮੁੰਡੇ ਨੇ ਬੰਤੇ ਨੂੰ ਕੁੱਟਿਆ।ਬੰਤੇ ਨੇ ਵੀ ਉਸ ਦੇ ਦੋ ਚਾਰ ਟਿਕਾ ਦਿੱਤੀਆਂ ।ਸਾਰਾ ਪਿੰਡ ਉਸ ਦੇ ਮਗਰ ਪੈ ਗਿਆ, ਜਿਸ ਕਰਕੇ ਦੁਖੀ ਹੋ ਕੇ ਬੰਤੇ ਨੇ ਆਪਣਾ ਪਿੰਡ ਛੱਡ ਦਿੱਤਾ ।

7. ਪ੍ਰਸ਼ਨ:ਬੰਤਾ ਖੇਤ ਮਜ਼ਦੂਰ ਤੋਂ ਰਿਕਸ਼ਾ- ਚਾਲਕ ਕਿਵੇਂ ਬਣਿਆ?

ਉੱਤਰ: ਜਦੋਂ ਬੰਤਾ ਪਿੰਡ ਛੱਡ ਕੇ ਸ਼ਹਿਰ ਆਇਆ ਤਾਂ ਉਸ ਨੇ ਕਈ ਕੰਮ ਕੀਤੇ ।ਉਹ ਇੱਕ ਦਫ਼ਤਰ ਵਿੱਚ ਚਪੜਾਸੀ ਵੀ ਲੱਗਾ।ਦਫ਼ਤਰ ਦੇ ਕੰਮਾਂ ਦੇ ਨਾਲ-ਨਾਲ ਉਹ ਸਾਬ੍ਹ ਦੇ ਘਰ ਦੇ ਛੋਟੇ ਮੋਟੇ ਕੰਮ ਵੀ ਕਰਦਾ ।ਇੱਕ ਵਾਰ ਸਾਬ੍ਹ ਦੀ ਘਰ ਵਾਲੀ ਨੇ ਉਸਨੂੰ ਕੱਪੜੇ ਧੋਣ ਲਈ ਕਿਹਾ ।ਬੰਤੇ ਨੇ ਨਾਂਹ ਕਰ ਦਿੱਤੀ ।ਸਾਬ੍ਹ ਉਸ ਨੂੰ ਬਹੁਤ ਗੁੱਸੇ ਹੋਇਆ ।ਬੰਤਾ ਉਹ ਕੰਮ ਛੱਡ ਕੇ ਰਿਕਸ਼ਾ-ਚਾਲਕ ਬਣ ਗਿਆ ।

8. ਪ੍ਰਸ਼ਨ:ਬੰਤੇ ਨੇ ਚਪੜਾਸੀ ਦੀ ਨੌਕਰੀ ਕਿਉਂ ਛੱਡੀ ?

ਉੱਤਰ :ਬੰਤਾ ਦਫ਼ਤਰ ਦੇ ਕੰਮ ਦੇ ਨਾਲ-ਨਾਲ ਸਾਬ੍ਹ ਦੇ ਘਰ ਦੇ ਛੋਟੇ ਮੋਟੇ ਕੰਮ ਵੀ ਕਰਦਾ ।ਇੱਕ ਦਿਨ ਸਾਬ੍ਹ ਦੀ ਘਰ ਵਾਲੀ ਨੇ ਉਸਨੂੰ ਕੱਪੜੇ ਧੋਣ ਲਈ ਕਿਹਾ, ਪਰ ਬੰਤੇ ਨੇ ਨਾਂਹ ਕਰ ਦਿੱਤੀ ।ਜਿਸ ਕਰਕੇ ਸਾਬ੍ਹ ਉਸਨੂੰ ਬਹੁਤ ਗੁੱਸੇ ਹੋਇਆ ਤੇ ਬੰਤੇ ਨੇ ਚਪੜਾਸੀ ਦੀ ਨੌਕਰੀ ਛੱਡ ਦਿੱਤੀ ।

9. ਪ੍ਰਸ਼ਨ: ਬੰਤੇ ਨੇ ਪੰਜਵੀਂ ਦਾ ਇਮਤਿਹਾਨ ਕਿਵੇਂ ਦਿੱਤਾ ?

ਉੱਤਰ:ਪਿਤਾ ਦੀ ਮੌਤ ਤੋਂ ਬਾਅਦ ਬੰਤੇ ਨੇ ਆਪਣਾ ਬਸਤਾ ਲੱਕੜ ਦੇ ਬਕਸੇ ਵਿੱਚ ਬੰਦ ਕਰ ਦਿੱਤਾ ਤੇ ਖੇਤ ਮਜ਼ਦੂਰ ਬਣ ਗਿਆ।ਜਦੋਂ ਪੰਜਵੀਂ ਦਾ ਸਲਾਨਾ ਇਮਤਿਹਾਨ ਹੋਣ ਵਾਲਾ ਸੀ ਤਾਂ ਬੰਤਾ ਵੀ ਸਕੂਲ ਪਹੁੰਚ ਗਿਆ।ਮਾਸਟਰ ਦੇ ਕਹਿਣ 'ਤੇ ਉਸ ਨੇ ਸਾਰੇ ਮਹੀਨਿਆਂ ਦੀ ਫ਼ੀਸ ਜਮਾਂ ਕਰਵਾ ਦਿੱਤੀ ਤੇ ਇਮਤਿਹਾਨ ਵਿੱਚ ਬੈਠ ਗਿਆ।

10. ਪ੍ਰਸ਼ਨ:ਤਾਨਪੁਰੇ ਵਾਲੀ ਕੁੜੀ ਜਲੰਧਰ ਕੀ ਕਰਨ ਗਈ ਸੀ ?

ਉੱਤਰ :ਤਾਨਪੁਰੇ ਵਾਲੀ ਕੁੜੀ ਜਲੰਧਰ ਰੇਡੀਓ ਸਟੇਸ਼ਨ 'ਤੇ ਪ੍ਰੋਗਰਾਮ ਦੇਣ ਗਈ ਸੀ।

11. ਪ੍ਰਸ਼ਨ:ਕਿਰਾਏ 'ਤੇ ਰਿਕਸ਼ਾ ਦੇਣ ਵਾਲ਼ੇ ਸੇਠ ਨੂੰ ਬੰਤਾ ਖ਼ੁਸ਼ਕਿਸਮਤ ਕਿਉਂ ਸਮਝਦਾ ਹੈ?

ਉੱਤਰ: ਕਿਉਂਕਿ ਉਸ ਨੂੰ ਘਰ ਬੈਠਿਆਂ, ਬਿਨਾਂ ਹੱਥ ਹਿਲਾਏ ਹਰ ਰੋਜ਼ ਕਿਰਾਇਆ ਮਿਲੀ ਜਾਦਾ ਹੈ।ਬੰਤਾ ਇਸਨੂੰ ਚੰਗੇ ਕਰਮਾਂ ਦਾ ਫ਼ਲ ਮੰਨਦਾ ਹੈ।

12. ਪ੍ਰਸ਼ਨ:ਰਿਕਸ਼ਾ-ਚਾਲਕ ਦੀ ਮਾਂ ਕਿੱਥੇ ਰਹਿੰਦੀ ਸੀ?ਉਹ ਉਸਦੀ ਦੇਖ-ਭਾਲ ਕਿਵੇਂ ਕਰਦਾ ਸੀ?

ਉੱਤਰ:ਰਿਕਸ਼ਾ-ਚਾਲਕ ਦੀ ਮਾਂ ਪਿੰਡ ਵਿੱਚ ਰਹਿੰਦੀ ਸੀ।ਬੰਤਾ ਉਸ ਨੂੰ ਮਹੀਨੇ ਦੋ ਮਹੀਨੇ ਬਾਅਦ ਮਿਲਣ ਜਾਂਦਾ ਸੀ ਤੇ ਕੁਝ ਪੈਸੇ ਦੇ ਆਉਂਦਾ ਸੀ।ਉਹ ਉਸਦੀਆਂ ਅੱਖਾਂ ਦਾ ਅਪਰੇਸ਼ਨ ਵੀ ਕਰਵਾਉਣਾ ਚਾਹੁੰਦਾ ਸੀ।

13. ਪ੍ਰਸ਼ਨ:ਨਵੇਂ ਸਾਲ 'ਤੇ ਰਿਕਸ਼ਾ-ਚਾਲਕ ਚਾਹੁੰਦਾ ਹੋਇਆ ਵੀ ਗੁਰਦਵਾਰੇ ਮੱਥਾ ਟੇਕਣ ਕਿਉਂ ਨਾ ਜਾ ਸਕਿਆ?

ਉੱਤਰ:ਕਿਉਂਕਿ ਨਵੇਂ ਸਾਲ ਵਾਲੇ ਦਿਨ ਗੁਰਦਵਾਰੇ ਬਹੁਤ ਭੀੜ ਸੀ ਤੇ ਦੂਸਰਾ ਉਸ ਨੂੰ ਹੋਰ ਪਾਸੇ ਜਾਣ ਲਈ ਸਵਾਰੀਆਂ ਵੀ ਮਿਲ ਗਈਆਂ ਸਨ।

14. ਪ੍ਰਸ਼ਨ:ਰਿਕਸ਼ਾ-ਚਾਲਕ ਦੇ ਕਿੰਨੇ ਬੱਚੇ ਸਨ ?ਉਹਨਾਂ ਦੀ ਪੜ੍ਹਾਈ ਸੰਬੰਧੀ ਉਹਨਾਂ ਦੇ ਕੀ ਵਿਚਾਰ ਸਨ ?

ਉੱਤਰ: ਰਿਕਸ਼ਾ-ਚਾਲਕ ਦੀਆਂ ਦੋ ਕੁੜੀਆਂ ਤੇ ਇੱਕ ਮੁੰਡਾ, ਤਿੰਨ ਬੱਚੇ ਸਨ ਉਹ ਆਪਣੇ ਤਿੰਨਾਂ ਬੱਚਿਆਂ ਨੂੰ ਪੜ੍ਹਾਉਣਾ-ਲਿਖਾਉਣਾ ਚਾਹੁੰਦਾ ਸੀ।ਉਹ ਚਾਹੁੰਦਾ ਸੀ ਕਿ ਉਸਦਾ ਪੁੱਤਰ ਪੜ੍ਹ-ਲਿਖ ਕੇ ਵੱਡਾ ਅਫ਼ਸਰ ਬਣੇ ਤੇ ਉਸ ਵਾਂਗ ਰਿਕਸ਼ਾ ਨਾ ਚਲਾਏ।

15. ਪ੍ਰਸ਼ਨ:ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਬੰਤੇ ਦੇ ਕੀ ਵਿਚਾਰ ਸਨ?

ਉੱਤਰ: ਪੰਜਾਹ ਸਾਲ ਪਹਿਲਾਂ ਜਲਿਆਵਾਲ਼ੇ ਬਾਗ਼ ਵਿੱਚ ਹੋਏ ਖ਼ੂਨੀ ਸਾਕੇ ਨੂੰ ਯਾਦ ਕਰਕੇ ਬੰਤੇ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ।ਬੰਤਾ ਬਾਗ਼ ਦੇ ਖ਼ੂਹ ਵਿੱਚ ਡਿੱਗੇ ਲੋਕਾਂ ਅਤੇ ਕੰਧਾਂ 'ਤੇ ਗੋਲੀਆਂ ਦੇ ਨਿਸ਼ਾਨ ਦੇਖ ਕੇ ਉਸ ਸਮੇਂ ਦੇ ਸ਼ਹੀਦਾਂ ਨੂੰ ਯਾਦ ਕਰਦਾ ਹੈ।

16. ਪ੍ਰਸ਼ਨ:ਡੋਰ ਨੂੰ ਮਾਝਾ ਲਾ ਰਹੇ ਬੰਦੇ ਵੱਲ ਵੇਖ ਕੇ ਰਿਕਸ਼ੇ ਵਾਲ਼ੇ ਦੇ ਦਿਮਾਗ਼ ਵਿੱਚ ਕਿਹੜੇ ਵਿਚਾਰ ਆਏ ?

ਉੱਤਰ :ਡੋਰ ਨੂੰ ਮਾਝਾ ਲਾ ਰਹੇ ਬੰਦੇ ਵੱਲ ਵੇਖ ਕੇ ਰਿਕਸ਼ੇ ਵਾਲ਼ਾ ਸੋਚਦਾ ਹੈ ਕਿ ਇਹਦੇ ਹੱਥ ਵੀ ਮੇਰੇ ਹੱਥਾਂ ਵਰਗੇ ਈ ਨੇ-ਕਾਲ਼ੇ-ਕਾਲ਼ੇ ਤੇ ਸੁੱਕੇ-ਸੁੱਕੇ। ਕਿਉਂਕਿ ਉਹ ਵੀ ਠੰਡ ਵਿੱਚ ਕੰਮ ਕਰਦਾ ਹੈ।

17. ਪ੍ਰਸ਼ਨ:"ਕਿਰਤੀਆਂ ਦੇ ਹੱਥ ਤਾਂ ਕੰਮ ਕਰਦਿਆਂ ਈ ਸੋਹਣੇ ਲੱਗਦੇ ਐ।" ਰਿਕਸ਼ੇ ਵਾਲ਼ੇ ਨੇ ਅਜਿਹਾ ਕਿਉਂ ਸੋਚਿਆ ?

ਉੱਤਰ : ਰਿਕਸ਼ੇ ਵਾਲ਼ੇ ਨੇ ਅਜਿਹਾ ਆਪਣੇ ਤੇ ਮਾਝਾ ਲਾਉਣ ਵਾਲੇ ਦੇ ਹੱਥ ਵੱਲ ਵੇਖ ਕੇ ਸੋਚਿਆ ।

18. ਪ੍ਰਸ਼ਨ: ਰਿਕਸ਼ੇ ਵਾਲ਼ਾ ਮੀਤੇ ਦੀ ਦੁਕਾਨ ਤੋਂ ਹੀ ਆਪਣੇ ਰਿਕਸ਼ੇ ਵਿੱਚ ਹਵਾ ਕਿਉਂ ਭਰਨੀ ਚਾਹੁੰਦਾ ਸੀ ?

ਉੱਤਰ :ਕਿਉਂਕਿ ਮੀਤਾ ਰਿਕਸ਼ੇ ਵਾਲ਼ੇ ਨੂੰ ਚੰਗਾ ਆਦਮੀ ਲੱਗਦਾ ਸੀ ਤੇ ਕਈ ਵਾਰ ਛੋਟਾ ਮੋਟਾ ਕੰਮ ਕਰਨ ਦੇ ਪੈਸੇ ਵੀ ਨਹੀਂ ਲੈਂਦਾ ਸੀ ।ਉਹ ਬੰਤੇ ਨਾਲ ਉਧਾਰ ਵੀ ਕਰ ਲੈਂਦਾ ਸੀ ਤੇ ਕੰਮ ਵੀ ਚੰਗਾ ਕਰਦਾ ਸੀ ।

19. ਪ੍ਰਸ਼ਨ:ਰਿਕਸ਼ੇ ਵਾਲੇ ਦੀ ਪਤਨੀ ਤਾਰੋ ਕਿਸ ਦੇ ਘਰ ਕੰਮ ਕਰਨ ਜਾਂਦੀ ਸੀ?

ਉੱਤਰ :ਰਿਕਸ਼ੇ ਵਾਲੇ ਦੀ ਪਤਨੀ ਤਾਰੋ ਇੱਕ ਮਾਸਟਰ ਦੇ ਘਰ ਦੋ ਵੇਲੇ ਦਾ ਕੰਮ ਕਰਨ ਜਾਂਦੀ ਸੀ ।

ਤਿਆਰ ਕਰਤਾ:ਬਲਜਿੰਦਰ ਕੌਰ ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ ਜਿਲ੍ਹਾ ਜਲੰਧਰ।